# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

ਸਮੂਹ ਸਕੂਲ ਮੁਖੀ
ਸਹਸ/ਸਮਿਸ/ਸਸਸਸ
ਜਿਲ੍ਹਾ ਬਠਿੰਡਾ

ਪੱਤਰ ਨੰ: ਜੀ-1/1 ( )2026/5090
ਮਿਤੀ ਬਠਿੰਡਾ : 13/10/26

**ਵਿਸ਼ਾ : ਵਿਦਿਅਕ ਟੂਰ ਤੇ ਜਾਣ ਦੀ ਮਨਜ਼ੂਰੀ ਦੇਣ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਟੂਰ ਸਬੰਧੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਵਾਈਆਂ ਜਾਣ ।

1) ਵਿਦਿਅਕ ਟੂਰ ਤੇ ਵਿਦਿਆਰਥੀਆਂ ਨੂੰ ਲਿਜਾਣ ਤੋਂ ਪਹਿਲਾਂ ਸਕੂਲ ਮੁਖੀ ਵੱਲੋਂ ਵਿਦਿਅਕ ਟੂਰ ਤੇ ਜਾਣ ਦੇ ਚਾਹਵਾਨ ਵਿਦਿਆਰਥੀਆਂ ਦੇ ਮਾਤਾ ਪਿਤਾ/ਸਰਪ੍ਰਸਤ ਵੱਲੋਂ ਲਿਖਤੀ ਰੂਪ ਵਿਚ ਸਹਿਮਤੀ ਲੈ ਲਈ ਜਾਵੇ ਅਤੇ ਇਸ ਦੀ ਇਕ ਕਾਪੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ ।
2) ਸਕੂਲ ਮੁਖੀ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਦਿਅਕ ਟੂਰ ਵਿਦਿਆਰਥੀਆਂ ਦੇ ਪਾਠਕ੍ਰਮ ਨਾਲ ਸਬੰਧਿਤ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਵਾਲਾ ਵੀ ਹੋਵੇ ।
3) ਵਿਦਿਅਕ ਟੂਰ ਤੇ ਜਾਣ ਵਾਲੇ ਹਰ ਵਿਦਿਆਰਥੀ ਕੋਲ ਪਹਿਚਾਣ ਪੱਤਰ ਹੋਣਾ ਜਰੂਰੀ ਹੈ ਅਤੇ ਸਕੂਲ ਮੁਖੀ ਵੱਲੋਂ ਇਸ ਸਬੰਧੀ ਇਕ ਪ੍ਰੋਫਾਰਮਾ ਤਿਆਰ ਕੀਤਾ ਜਾਵੇ । ਜਿਸ ਵਿਚ ਵਿਦਿਆਰਥੀਆਂ ਦੇ ਪੂਰੇ ਵੇਰਵੇ ਜਿਵੇ ਕਿ ਮਾਤਾ –ਪਿਤਾ ਦਾ ਨਾਮ, ਘਰ ਦਾ ਪਤਾ ਅਤੇ ਮੋਬਾਇਲ , ਈ.ਮੇਲ ਆਦਿ ਲਿਖਿਆ ਹੋਵੇ ਅਤੇ ਇਸ ਦੀ ਇਕ ਕਾਪੀ ਵਿਦਿਅਕ ਟੂਰ ਤੇ ਜਾਣ ਸਮੇਂ ਵਿਦਿਆਰਥੀਆਂ ਅਤੇ ਅਧਿਆਪਕਾ ਕੋਲ ਹੋਵੇ ।
4) ਸਕੂਲ ਮੁਖੀ ਵੱਲੋਂ ਵਿਦਿਅਕ ਟੂਰ ਤੇ ਜਾਣ ਵਾਲੇ ਵਿਦਿਆਰਥੀਆਂ ਨਾਲ ਸਕੂਲ ਦੇ ਸੀਨੀਅਰ ਅਤੇ ਜਿੰਮੇਵਾਰ ਅਧਿਆਪਕ ਦੀ ਡਿਊਟੀ ਲਗਾਈ ਜਾਵੇ ਅਤੇ ਜੇਕਰ ਵਿਦਿਅਕ ਟੂਰ ਵਿਚ ਲੜਕੀਆਂ ਵੀ ਸ਼ਾਮਿਲ ਹਨ ਤਾਂ ਮਹਿਲਾਂ ਅਧਿਆਪਕ ਦਾ ਟੂਰ ਤੇ ਜਾਣਾ ਲਾਜ਼ਮੀ ਬਣਾਇਆ ਜਾਵੇ ।
5) ਵਿਦਆਰਕ ਟੂਰ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਵੱਲੋਂ ਸਵੈ ਘੋਸ਼ਣਾ ਲਗਾਈ ਜਾਵੇ ਕਿ ਉਹ ਟੂਰ ਲਈ ਬਣਾਏ ਗਏ ਨਿਯਮਾਂ ਤੇ ਪਾਬੰਦ ਰਹਿਣਗੇ ਅਤੇ ਸਕੂਲ ਮੁਖੀ ਸਵੈ ਘੋਸ਼ਣਾ ਦੇ ਰੂਪ ਵਿਚ ਇਹ ਤਸਦੀਕ ਕਰੇ ਕਿ ਵਿਦਿਅਕ ਟੂਰ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਐਮਰਜੈਂਸੀ ਦੌਰਾਨ ਹਰ ਪ੍ਰਕਾਰ ਦੀ ਲੋੜੀਦਾ ਮੱਦਦ ਮੁਹੱਈਆ ਕਰਵਾਈ ਜਾਵੇ।
6) ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੁਖ ਰੱਖਦੇ ਹੋਏ ਸਕੂਲ ਮੁਖੀ ਅਤੇ ਵਿਦਿਆਰਥੀਆਂ ਦੇ ਨਾਲ ਜਾਣ ਵਾਲੇ ਅਧਿਆਪਕ ਯਕੀਨੀ ਬਣਾਉਗੇ ਕਿ ਉਹ ਹਰ ਸਮੇਂ ਵਿਦਿਆਰਥੀਆਂ ਦੇ ਨਾਲ ਰਹਿਣਗੇ ।
7) ਸਕੂਲ ਮੁਖੀ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿਦਿਅਕ ਟੂਰ ਤੇ ਜਾਣ ਲਈ ਜੋ ਟਰਾਂਸਪੋਰਟ ਦੀ ਵਰਤੋਂ ਕੀਤੀ ਜਾਵੇਗੀ । ਉਸ ਸਬੰਧੀ ਸਾਰੇ ਸਬੰਧਤ ਅਥਾਰਟੀ /ਵਿਭਾਗ ਦੇ ਫਾਰਮ ਪੂਰੇ ਹੋਣੇ ਚਾਹੀਦੇ ਹਨ
8) ਜਿਨ੍ਹਾਂ ਵੀ ਵੇਖਣਯੋਗ ਸਥਾਨਾਂ ਤੇ ਵਿੱਦਿਅਕ ਟੂਰ ਲਿਜਾਇਆ ਜਾਣਾ ਹੈ , ਉਸ ਇਲਾਕੇ ਦੇ ਡਿਪਟੀ ਕਮਿਸ਼ਨਰ /ਮੈਜਿਸਟ੍ਰੇਟ /ਸਬੰਧਤ ਅਥਾਰਟੀ ਨੂੰ ਲਿਖਤੀ ਤੌਰ ਤੇ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ ।
9) ਉਕਤ ਹਦਾਇਤਾਂ ਦੇ ਨਾਲ-ਨਾਲ ਜਿ.ਸਿ.ਅ(ਸੈ.ਸਿ) ਦੇ ਪੱਤਰ ਨੰ-ਜੀ-1/1 ( )2022-23 ਵਿਦਿਅਕ ਟੂਰ/3534 ਮਿਤੀ 23.11.2022 ਦੀਆਂ ਹਦਾਇਤਾਂ ਅਤੇ ਮੁਖ ਦਫਤਰ ਵੱਲੋ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ।

13/10/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।